ਖੇਡਾਂ ਕਿੱਦਾਂ ਕੰਮ ਕਰਦੀਆਂ ਹਨ

ਪਾਏ ਗਾਓ ਟਾਈਲਜ਼

ਸੁਗਲ ਬਣਾਈ ਰੱਖੋ।
ਖੇਡਣ ਤੋਂ ਪਹਿਲਾਂ ਸਿੱਖੋ ਕਿ ਖੇਡਾਂ ਕਿੱਦਾਂ ਕੰਮ ਕਰਦੀਆਂ ਹਨ।

ਪਾਏ ਗਾਓ ਟਾਈਲਜ਼ ਚੀਨੀ ਡੌਮਿਨੋ ਦੀ ਇਕ ਖੇਡ ਹੈ ਜਿਹੜੀ ਡੀਲਰ ਵਲੋਂ ਵੰਡੀਆਂ 32 ਡੌਮਿਨੋਆਂ ਨਾਲ ਖੇਡੀ ਜਾਂਦੀ ਹੈ। ਦੌਰ ਦੇ ਸ਼ੁਰੂ ਵਿਚ ਬੈਂਕਰ 32 ਡੌਮਿਨੋਆਂ ਨੂੰ ਰਲ਼ਾਏਗਾ ਅਤੇ ਉਨ੍ਹਾਂ ਨੂੰ ਚਾਰ ਚਾਰ ਡੌਮਿਨੋ ਦੀਆਂ ਅੱਠ ਢੇਰੀਆਂ ਵਿਚ ਰੱਖ ਦੇਵੇਗਾ – ਹਰ ਖਿਡਾਰੀ, ਮੇਜ਼ 'ਤੇ ਖਾਲੀ ਥਾਵਾਂ ਅਤੇ ਡੀਲਰ ਨੂੰ ਚਾਰ ਚਾਰ ਡੌਮਿਨੋ ਵੰਡੀਆਂ ਜਾਂਦੀਆਂ ਹਨ।

ਪਾਏ ਗਾਓ ਟਾਈਲਜ਼ ਵਿਚ ਡੀਲਰ ਤੇ ਖਿਡਾਰੀ ਦੋਵੇਂ ਹੀ ਬੈਂਕ ਬਣਨ ਦੀ ਵਾਰੀ ਲੈਂਦੇ ਹਨ। ਖੇਡ ਦੇ ਹਰ ਦੌਰ ਬਾਅਦ ਬੈਂਕ ਬਦਲ ਜਾਂਦੀ ਹੈ।

ਖੇਡ ਦਾ ਨਿਸ਼ਾਨਾ ਸਭ ਤੋਂ ਉੱਚੇ ਦਰਜੇ ਦੇ ਜੋੜ ਵਾਲੇ ਦੋ ਹੱਥ ਪੈਦਾ ਕਰਨਾ ਹੈ: ਸਭ ਤੋਂ ਉੱਚੇ ਦਰਜੇ ਦਾ ਜੋੜ (ਹਾਈ ਹੈਂਡ) ਅਤੇ ਇਕ ਦੂਜੇ ਦਰਜੇ ਦਾ ਜੋੜ (ਲੋ ਹੈਂਡ)। ਜਿੱਤਣ ਲਈ ਖਿਡਾਰੀ ਦੇ ਹਾਈ ਹੈਂਡ ਅਤੇ ਲੋ ਹੈਂਡ ਬੈਂਕਰ ਦੇ ਹਾਈ ਹੈਂਡ ਅਤੇ ਲੋ ਹੈਂਡ ਨੂੰ ਹਰਾਉਂਦੇ ਹੋਣੇ ਚਾਹੀਦੇ ਹਨ।

ਜੇ ਤੁਹਾਡੇ ਦੋਵੇਂ ਹੱਥ ਬੈਂਕਰ ਦੇ ਹੱਥਾਂ ਨੂੰ ਹਰਾਉਂਦੇ ਹੋਣ ਤਾਂ ਤੁਸੀਂ ਜਿੱਤਦੇ ਹੋ ਅਤੇ ਤੁਹਾਨੂੰ ਬਰਾਬਰ ਦੇ ਹਿਸਾਬ ਨਾਲ ਪੈਸੇ ਦਿੱਤੇ ਜਾਂਦੇ ਹਨ। ਜੇ ਤੁਹਾਡੇ ਦੋਵੇਂ ਹੱਥ ਬੈਂਕਰ ਦੇ ਹੱਥਾਂ ਤੋਂ ਹਾਰ ਜਾਂਦੇ ਹਨ ਤਾਂ ਤੁਸੀਂ ਆਪਣੀ ਸ਼ਰਤ ਹਾਰ ਜਾਂਦੇ ਹੋ। ਜੇ ਤੁਸੀਂ ਇਕ ਹੱਥ ਜਿੱਤ ਜਾਂਦੇ ਹੋ ਅਤੇ ਦੂਜਾ ਹਾਰ ਜਾਂਦੇ ਹੋ ਤਾਂ ਤੁਸੀਂ ਪੁਸ਼ ਕਰਦੇ ਹੋ ਅਤੇ ਤੁਹਾਡੀ ਸ਼ਰਤ ਦੇ ਪੈਸੇ ਤੁਹਾਨੂੰ ਮੋੜ ਦਿੱਤੇ ਜਾਂਦੇ ਹਨ। ਜੇ ਤੁਹਾਡਾ ਹੱਥ ਬੈਂਕਰ ਦੇ ਦਰਜੇ ਵਾਲਾ ਹੀ ਹੋਵੇ ਤਾਂ ਬੈਂਕਰ ਜਿੱਤਦਾ ਹੈ।

ਜੇ ਤੁਸੀਂ ਦੋਵੇਂ ਹੱਥ ਜਿੱਤ ਜਾਂਦੇ ਹੋ, ਤਾਂ ਬੈਂਕਰ ਤੁਹਾਡੀ ਜਿੱਤ ਵਿਚੋਂ 5% ਕਮਿਸ਼ਨ ਵਜੋਂ ਉਗਰਾਉਂਦਾ ਹੈ।

ਹੈਂਡ ਰੈਂਕਿੰਗ ਅਤੇ ਸਕੋਰਿੰਗ

ਸਾਰੇ ਡੌਮਿਨੋਆਂ ਦੇ ਵਿਸ਼ੇਸ਼ ਨਾਂ ਅਤੇ ਦਰਜੇ ਹੁੰਦੇ ਹਨ ਜਿਹੜੇ ਥੱਲੇ ਦਿੱਤੇ ਚਾਰਟ ਵਿਚ ਦਰਸਾਏ ਗਏ ਹਨ। ਲਾਲ ਚਟਾਕ ਟਾਈਲਜ਼ ਦੇ ਦਰਜੇ ਲਈ ਮਹੱਤਵ ਨਹੀਂ ਰੱਖਦੇ। ਉਹ ਸਿਰਫ ਇਕ ਟਾਈਲ ਤੋਂ ਦੂਜੀ ਟਾਈਲ ਦਾ ਫਰਕ ਦੱਸਣ ਵਿਚ ਮਦਦ ਕਰਦੇ ਹਨ।

ਸਭ ਤੋਂ ਉੱਚੇ ਦਰਜੇ ਦਾ ਜੋੜਾ ਇਕ ਮੈਚ ਨਾ ਕਰਨ ਵਾਲਾ ਜੋੜਾ ਹੁੰਦਾ ਹੈ ਜਿਹਨੂੰ ਗੀ ਜੂਨ ਕਿਹਾ ਜਾਂਦਾ ਹੈ। ਇਕੱਠੀਆਂ ਇਹ ਦੋਵੇਂ ਟਾਈਲਾਂ ਸਭ ਤੋਂ ਉੱਚੇ ਦਰਜੇ ਦਾ ਜੋੜਾ ਹਨ, ਪਰ 'ਕੱਲੀਆਂ 'ਕੱਲੀਆਂ ਇਹ ਸਭ ਤੋਂ ਥੱਲੇ ਦੇ ਦਰਜੇ ਦੀਆਂ ਹਨ।

ਅਗਲੇ ਗਿਆਰਾਂ ਜੋੜੇ ਮੈਚ ਕੀਤੇ ਜੋੜੇ ਹਨ ਜਿਹੜੇ ਟੀਨ ਨਾਲ ਸ਼ੁਰੂ ਹੁੰਦੇ ਹਨ ਲੁੱਕ ਨਾਲ ਖਤਮ ਹੁੰਦੇ ਹਨ।

ਬਚਦੇ ਚਾਰ ਜੋੜੇ ਗਾਓ, ਬੌਟ, ਚਿਟ ਅਤੇ ਇੰਗ ਦੇ ਨਾ-ਮੈਚ ਕੀਤੇ ਜੋੜੇ ਹਨ।

ਅਖੀਰਲੇ ਦੋ ਰੈਂਕਿੰਗ ਜੁੱਟਾਂ ਨੂੰ ਵੌਂਗ ਅਤੇ ਗੌਂਗ ਕਿਹਾ ਜਾਂਦਾ ਹੈ। ਵੌਂਗ ਕੋਈ ਵੀ ਬਾਰਾਂ ਜਾਂ ਦੋ ਟਾਈਲਾਂ ਦਾ ਨੌਂ ਨਾਲ ਲਗ ਕੇ ਜੁੱਟ ਹੁੰਦਾ ਹੈ। ਗੌਂਗ ਕੋਈ ਵੀ ਬਾਰਾਂ ਜਾਂ ਦੋ ਟਾਈਲਾਂ ਦਾ ਅੱਠ ਨਾਲ ਲਗ ਕੇ ਜੁੱਟ ਹੁੰਦਾ ਹੈ।

ਜੇ ਕੋਈ ਜੋੜਾ, ਵੌਂਗ ਜਾਂ ਗੌਂਗ ਤੁਹਾਡੇ ਹੱਥ ਵਿਚ ਨਾ ਹੋਵੇ ਤਾਂ ਹੱਥ ਨੂੰ ਇਕੱਲਿਆਂ ਹੀ ਉਸ ਦੇ ਨੰਬਰਾਂ ਦੇ ਮੁੱਲ ਅਨੁਸਾਰ (ਨੌਂ ਤੋਂ ਸਿਫਰ ਤੱਕ) ਰੈਂਕ ਕੀਤਾ ਜਾਂਦਾ ਹੈ।

ਮੇਜ਼ 'ਤੇ ਖੇਡਣ ਵਾਲੀਆਂ ਹੋਰ ਖੇਡਾਂ ਬਾਰੇ ਜਾਨਣ ਲਈ ਡੀਲਰ ਸੁਪਰਵਾਈਜ਼ਰ ਨੂੰ ਪੁੱਛੋ, ਇਸ ਜਗ੍ਹਾ ਦੇ ਗੇਮਸੈਂਸ ਇਨਫੋ ਸੈਂਟਰ 'ਤੇ ਜਾਵੋ ਜਾਂ ਏਥੇ ਦੇਖੋ : www.bclc.com

Pai Gow Tiles [Punjabi] 07/12